ਪ੍ਰੋਫ਼ੈਸਰ ਬੀ. ਐਸ. ਘੁੰਮਣ
ਵਾਈਸ ਚਾਂਸਲਰ
Prof. B. S. GHUMAN
Vice Chancellor

ਪੰਜਾਬੀ ਯੂਨੀਵਰਸਿਟੀ, ਪਟਿਆਲਾ
Punjabi University, Patiala

# ਸੰਦੇਸ਼

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਦੇ ਮੰਤਵ ਨਾਲ ਅਪ੍ਰੈਲ 30, 1962 ਨੂੰ ਸਥਾਪਿਤ ਕੀਤੀ ਗਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਉਚੇਰੀ ਪੜ੍ਹਾਈ ਅਤੇ ਸਿੱਖਿਆ ਖੇਤਰ ਦੇ ਸਿਰਮੌਰ ਅਦਾਰਿਆਂ ਵਿੱਚ ਗਿਣੀ ਜਾਂਦੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਤੋਂ ਇਲਾਵਾ ਯੂਨੀਵਰਸਿਟੀ ਦੇ ਅਕਾਦਮਿਕ ਭਾਈਚਾਰੇ ਨੇ, ਜਿਸ ਵਿੱਚ ਅਧਿਆਪਕ, ਖੋਜਾਰਥੀ ਅਤੇ ਵਿਦਿਆਰਥੀ ਸ਼ਾਮਲ ਹਨ, ਜੀਵ ਵਿਗਿਆਨ, ਭੌਤਿਕ ਵਿਗਿਆਨ, ਮੈਡੀਸਨ, ਇੰਜੀਨੀਅਰਿੰਗ ਅਤੇ ਤਕਨਾਲੋਜੀ, ਬਿਜਨਿਸ ਸਟੱਡੀਜ਼, ਕਾਨੂੰਨ, ਸਮਾਜਿਕ ਵਿਗਿਆਨ, ਭਾਸ਼ਾ, ਐਜੂਕੇਸ਼ਨ, ਇਨਫਰਮੇਸ਼ਨ ਸਾਇੰਸ, ਆਰਟ ਅਤੇ ਕਲਚਰ ਦੇ ਖੇਤਰਾਂ ਵਿੱਚ ਸਿਰਕੱਢ ਪ੍ਰਾਪਤੀਆਂ ਕੀਤੀਆਂ ਹਨ। ਵਿਗਿਆਨ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਦੇ ਨਤੀਜੇ ਵੱਜੋਂ ਨੈਸ਼ਨਲ ਅਸੈਸਮੈਂਟ ਐਂਡ ਅਕਰੈਡਿਟੇਸ਼ਨ ਕੌਂਸਲ (NAAC) ਵੱਲੋਂ ਯੂਨੀਵਰਸਿਟੀ ਨੂੰ ਪਹਿਲੇ ਦੌਰ (2002-07) ਦੌਰਾਨ "ਪੰਜ ਤਾਰਾ" ਗ੍ਰੇਡ ਦਿੱਤਾ ਗਿਆ ਜਦੋਂ ਕਿ ਦੂਜੇ (2008-13) ਅਤੇ ਤੀਜੇ (2016-21) ਦੌਰ ਵਿੱਚ 'A' ਗ੍ਰੇਡ ਦਿੱਤਾ ਗਿਆ ਹੈ।

ਪੰਜਾਬ ਦੇ ਵੱਡੇ ਹਿੱਸੇ, ਖਾਸ ਕਰਕੇ ਮਾਲਵਾ ਖੇਤਰ, ਦੀਆਂ ਵਿਦਿਅਕ ਲੋੜਾਂ ਦੀ ਪੂਰਤੀ ਵਾਸਤੇ ਯੂਨੀਵਰਸਿਟੀ ਵੱਲੋਂ 278 ਐਫੀਲਿਏਟਡ ਕਾਲਜਾਂ, 5 ਨੇਬਰਹੁੱਡ ਕੈਂਪਸ, 14 ਕੰਸਟੀਚੂਐਂਟ ਕਾਲਜਾਂ ਅਤੇ 4 ਰਿਜ਼ਨਲ ਸੈਂਟਰਾਂ ਰਾਹੀਂ ਸੁਹਿਰਦ ਯਤਨ ਕਰਦੇ ਹੋਏ ਹੈਰਾਨੀਜਨਕ ਪ੍ਰਾਪਤੀਆਂ ਕੀਤੀਆਂ ਹਨ। ਮੌਲਾਨਾ ਅਬੁਲ ਕਲਾਮ ਆਜ਼ਾਦ (ਮਾਕਾ) ਟ੍ਰਾਫੀ, ਜੋ ਕਿ ਯੂਨੀਵਰਸਿਟੀ ਪੱਧਰ ਤੇ ਖੇਡ ਮੁਕਾਬਲੇ ਉਤਸ਼ਾਹਤ ਕਰਨ ਵਾਲੀ ਸਭ ਤੋਂ ਉੱਤਮ ਯੂਨੀਵਰਸਿਟੀ ਨੂੰ ਦਿੱਤੀ ਜਾਂਦੀ ਹੈ, 10 ਵਾਰ (6 ਵਾਰ ਲਗਾਤਾਰ) ਜਿੱਤਣ ਦੀ ਵਿਸ਼ੇਸ਼ ਪ੍ਰਾਪਤੀ ਨਾਲ, ਇਸ ਯੂਨੀਵਰਸਿਟੀ ਦਾ ਖੇਡਾਂ ਦੇ ਖੇਤਰ ਵਿੱਚ ਯੋਗਦਾਨ ਵੀ ਉੱਤਮ ਦਰਜੇ ਦਾ ਹੈ।

ਵਿਦਿਆ ਪ੍ਰਾਪਤੀ ਦੇ ਘੇਰੇ ਵਿੱਚ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਸ਼ਾਮਲ ਕਰਨ ਅਤੇ ਘੱਟ ਖਰਚੀਲਾ ਰੱਖ ਕੇ ਉਚੇਰੀ ਪੜ੍ਹਾਈ ਨੂੰ ਪੇਂਡੂ ਅਤੇ ਗਰੀਬ ਵਰਗਾਂ ਤੱਕ ਪਹੁੰਚਾਉਣ ਦੇ ਯੂਨੀਵਰਸਿਟੀ ਦੇ ਉਪਰਾਲੇ ਦੀ ਕੋਈ ਹੋਰ ਬਰਾਬਰੀ ਨਹੀਂ ਹੈ। ਆਰਥਿਕਤਾ ਦੇ ਖੇਤਰ ਵਿੱਚ ਵੀ ਯੂਨੀਵਰਸਿਟੀਆਂ ਦਾ ਮਹੱਤਵਪੂਰਨ ਸਥਾਨ ਹੈ। ਇਹ ਕੇਵਲ ਵਿਦਿਆਰਥੀਆਂ ਨੂੰ ਪੜ੍ਹਾਈ ਹੀ ਨਹੀਂ ਕਰਵਾਉਂਦੀਆਂ ਸਗੋਂ ਰਾਜ ਦੀ ਆਰਥਿਕਤਾ ਦਾ ਧੁਰਾ ਵੀ ਹਨ।

(Off.) 0175-2286418, 3046001 (Resi.) 2282478, 3046005 0175-2286682 vc@pbi.ac.in

ਪ੍ਰੋਫੈਸਰ ਬੀ. ਐਸ. ਘੁੰਮਣ
ਵਾਈਸ ਚਾਂਸਲਰ

Prof. B. S. GHUMAN
Vice Chancellor

ਪੰਜਾਬੀ ਯੂਨੀਵਰਸਿਟੀ, ਪਟਿਆਲਾ
Punjabi University, Patiala

ਜੇਕਰ ਯੂਨੀਵਰਸਿਟੀਆਂ ਵੱਲੋਂ ਸਮਾਜ ਦੀ ਸਹੀ ਅਰਥਾਂ ਵਿੱਚ ਤਰੱਕੀ ਲਈ ਅਸਰਦਾਰ ਭੂਮਿਕਾ ਨਿਭਾਈ ਜਾਣੀ ਹੈ ਤਾਂ ਇਹਨਾਂ ਦੀ ਗੁਣਵੱਤਾ ਅਤੇ ਅਕਾਦਮਿਕ ਸਰਵਉਚਤਾ ਨੂੰ ਬਣਾਏ ਰੱਖਣਾ ਬਹੁਤ ਜਰੂਰੀ ਹੈ । ਇਸ ਵੇਲੇ ਸਾਰਥਕ ਵਿਦਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਦੇ ਨਾਲ-ਨਾਲ ਯੂਨੀਵਰਸਿਟੀ ਆਪਣੀ ਉੱਤਮਤਾ ਬਣਾਏ ਰੱਖਣ ਲਈ ਨਿਰੰਤਰ ਯਤਨਸ਼ੀਲ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਵੱਖ ਵੱਖ ਖੇਤਰਾਂ ਵਿਚ ਉਚ ਪਦਵੀਆਂ ਤੇ ਕਾਰਜਸ਼ੀਲ ਅਲੂਮਨਸ ਦਾ ਸਹਿਯੋਗ ਲਾਭਕਾਰੀ ਸਿੱਧ ਹੋਇਆ ਹੈ। ਪੰਜਾਬੀ ਯੂਨੀਵਰਿਸਿਟੀ ਅਲੂਮਨੀ ਐਸੋਸੀਏਸ਼ਨ, ਅਲੂਮਨਸ ਦੀ ਆਪਸੀ ਸਾਂਝ, ਸੇਵਾ ਤੇ ਭਾਈਚਾਰੇ ਲਈ ਸਿਰਜਿਆ ਮੰਚ ਹੈ। ਐਸੋਸੀਏਸ਼ਨ ਦੇ ਵਿਭਾਗੀ ਚੈਪਟਰਜ਼ ਤੋਂ ਇਲਾਵਾ ਅਸੀਂ ਦੇਸ ਵਿਦੇਸ਼ ਵਿਚ ਵੀ ਇਸ ਦੇ ਵੱਖ ਵੱਖ ਚੈਪਟਰਜ਼ ਸਥਾਪਤ ਕਰ ਰਹੇ ਹਾਂ।

ਪੰਜਾਬੀ ਯੂਨੀਵਰਸਿਟੀ ਅਲੂਮਨੀ ਐਸੋਸੀਏਸ਼ਨ ਦੇ ਚੀਫ ਪੈਟਰਨ ਵੱਜੋਂ ਮੈਂ ਹਰੇਕ ਅਲੂਮਨਸ ਨੂੰ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦਾ ਹਾਂ। ਕਿਰਪਾ ਪੂਰਵਕ ਵਿਦਿਆਰਥੀਆਂ ਤੇ ਫੈਕਲਟੀ ਨਾਲ ਸਾਂਝ ਬਣਾਓ ਅਤੇ ਆਪਣੇ ਕੀਮਤੀ ਅਨੁਭਵ ਸਾਂਝੇ ਕਰੋ। ਤੁਹਾਡੇ ਵੱਲੋਂ ਅਕਾਦਮਿਕ ਖੋਜ, ਪਲੇਸਮੈਂਟ, ਵਜੀਫਿਆਂ, ਪੁਸਤਕਾਂ, ਸਾਜ਼ੋ ਸਮਾਨ ਆਦਿ ਲਈ ਦਿੱਤੀ ਗਈ ਸਹਾਇਤਾ ਤੇ ਸਹਿਯੋਗ ਨਾਲ ਲੋੜਵੰਦ ਵਿਦਿਆਰਥੀਆਂ ਦਾ ਭਵਿੱਖ ਰੋਸ਼ਨ ਹੋਵੇਗਾ। ਅਸੀਂ ਤੁਹਾਡੀ ਸਹਾਇਤਾ ਦਾ ਅਗੇਤਰਾ ਧੰਨਵਾਦ ਕਰਦੇ ਹਾਂ, ਤੁਹਾਡੀ ਸਹਾਇਤਾ ਦੀ ਵਡੇਰੀ ਕਦਰ ਕਰਦੇ ਹਾਂ। ਅਸੀਂ ਆਉਣ ਵਾਲੇ ਸਮੇਂ ਵਿੱਚ ਆਪਣੇ ਅਲੂਮਨੀ ਮੈਂਬਰਜ਼ ਲਈ ਗੈਸਟ ਹਾਊਸ ਵੱਜੋਂ ਇਕ ਅਲੂਮਨੀ ਹਾਊਸ ਵੀ ਬਣਾਉਣ ਦੀ ਯੋਜਨਾ ਰੱਖਦੇ ਹਾਂ ਤਾਂ ਜੋ ਯੂਨੀਵਰਸਿਟੀ ਨਾਲ ਜੁੜਨ ਤੋਂ ਇਲਾਵਾ ਤੁਸੀਂ ਇਥੇ ਰਹਿ ਕੇ ਅਤੀਤ ਦੀਆਂ ਮਿੱਠੀਆਂ ਯਾਦਾਂ ਤਾਜ਼ਾ ਕਰ ਸਕੋ ।

ਪੰਜਾਬੀ ਯੂਨੀਵਰਸਿਟੀ ਅਲੂਮਨੀ ਐਸੋਸੀਏਸ਼ਨ ਵਿਸ਼ਵ ਭਰ ਦੇ ਆਪਣੇ ਹਰੇਕ ਪਿਆਰੇ ਤੇ ਸਤਿਕਾਰਯੋਗ ਅਲੂਮਨਸ ਲਈ ਸ਼ੁਭ ਇਛਾਵਾਂ ਭੇਟ ਕਰਦੀ ਹੈ।

BSGhuman
(ਬੀ.ਐਸ. ਘੁੰਮਣ)

(Off.) 0175-2286418, 3046001 (Resi.) 2282478, 3046005 0175-2286682 vc@pbi.ac.in